# ਆਪਣੇ ਵੋਟਿੰਗ ਅਧਿਕਾਰਾਂ ਬਾਰੇ ਜਾਣੋ

ਫੈਡਰਲ ਵੋਟਿੰਗ ਅਧਿਕਾਰ ਕਨੂੰਨਾਂ ਲਈ ਤੁਹਾਡੀ ਗਾਈਡ

ਯੂ.ਐੱਸ. ਡਿਪਾਰਟਮੈਂਟ ਆੱਫ਼ ਜਸਟਿਸ
**ਸਿਵਲ ਰਾਈਟਸ ਡਿਵਿਜ਼ਨ**

# ਇਸ ਗਾਈਡ ਵਿੱਚ ਸ਼ਾਮਲ ਹਨ


ਵੋਟਿੰਗ ਬਾਰੇ ਮੁੱਢਲੀ ਜਾਣਕਾਰੀ ...................... 1

ਤੁਹਾਡੇ ਵੋਟ ਦੇ ਅਧਿਕਾਰ ਦੀ ਰੱਖਿਆ ਕਰਨਾ...... 1

ਵੋਟਰ ਰਜਿਸਟਰੇਸ਼ਨ .................................... 3

ਵਿਦੇਸ਼ ਵਿੱਚ ਵੋਟਿੰਗ...................................... 7

ਅੰਗਰੇਜ਼ੀ ਵਿੱਚ ਸੀਮਿਤ ਮੁਹਾਰਤ ਨਾਲ ਵੋਟਿੰਗ ... 8

ਅਪੰਗਤਾ ਨਾਲ ਵੋਟਿੰਗ................................. 9

ਉਲੰਘਣਾ ਦੀ ਰਿਪੋਰਟ ਕਰਨਾ ...................... 11

ਵਾਧੂ ਸਰੋਤ.............................................. 12

# ਵੋਟਿੰਗ ਬਾਰੇ ਮੁੱਢਲੀ ਜਾਣਕਾਰੀ

## ਮੇਰੇ ਰਾਜ ਵਿੱਚ ਚੋਣਾਂ ਕੌਣ ਕਰਾਉਂਦਾ ਹੈ?

**ਰਾਜ ਅਤੇ ਸਥਾਨਕ ਚੋਣ ਅਧਿਕਾਰੀ।** ਉਹ ਸਥਾਨਕ, ਰਾਜ ਅਤੇ ਸੰਘੀ ਚੋਣਾਂ ਕਰਾਉਂਦੇ ਹਨ, ਜਿਨ੍ਹਾਂ ਵਿੱਚ ਕਾਂਗਰਸ ਅਤੇ ਰਾਸ਼ਟਰਪਤੀ ਦੇ ਅਹੁਦੇ ਲਈ ਚੋਣਾਂ ਸ਼ਾਮਲ ਹਨ।

ਜੇਕਰ ਤੁਸੀਂ ਇਹ ਜਾਣਨਾ ਚਾਹੁੰਦੇ ਹੋ ਕਿ ਤੁਸੀਂ ਆਪਣੇ ਰਾਜ ਵਿੱਚ ਵੋਟ ਕਿਵੇਂ ਪਾ ਸਕਦੇ ਹੋ, ਤਾਂ ਤੁਹਾਨੂੰ ਉਹਨਾਂ ਅਧਿਕਾਰੀਆਂ ਨਾਲ ਸੰਪਰਕ ਕਰਨਾ ਪਵੇਗਾ ਕਿਉਂਕਿ ਵੱਖ-ਵੱਖ ਰਾਜਾਂ ਵਿੱਚ ਵੱਖ-ਵੱਖ ਨਿਯਮ ਹਨ।

ਤੁਸੀਂ ਆਪਣੇ ਰਾਜ ਦੇ ਨਿਯਮਾਂ ਬਾਰੇ ਵਧੇਰੀ ਜਾਣਕਾਰੀ ਅਤੇ ਚੋਣ ਅਧਿਕਾਰੀਆਂ ਦੀ ਸੰਪਰਕ ਜਾਣਕਾਰੀ **vote.gov** 'ਤੇ ਪ੍ਰਾਪਤ ਕਰ ਸਕਦੇ ਹੋ।

# ਤੁਹਾਡੇ ਵੋਟ ਦੇ ਅਧਿਕਾਰ ਦੀ ਰੱਖਿਆ ਕਰਨਾ

## ਕੀ ਸੰਘੀ ਕਨੂੰਨ ਮੇਰੇ ਵੋਟ ਦੇ ਅਧਿਕਾਰ ਦੀ ਰੱਖਿਆ ਕਰਦਾ ਹੈ?

**ਹਾਂ।** ਯੂ.ਐੱਸ. ਡਿਪਾਰਟਮੈਂਟ ਔੱਫ਼ ਜਸਟਿਸ ਦੀ ਸਿਵਲ ਰਾਈਟਸ ਡਿਵਿਜ਼ਨ ਇਹਨਾਂ ਕਨੂੰਨਾਂ ਨੂੰ ਲਾਗੂ ਕਰਦੀ ਹੈ। ਅਕਸਰ, ਜਿਨ੍ਹਾਂ ਲੋਕਾਂ ਦੇ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ ਹੈ, ਉਹ ਨਿੱਜੀ ਮੁਕੱਦਮੇ ਵੀ ਕਰ ਸਕਦੇ ਹਨ।

## ਕੀ ਸੰਘੀ ਕਨੂੰਨ ਵੋਟਿੰਗ ਵਿੱਚ ਵਿਤਕਰੇ ਤੋਂ ਬਚਾਅ ਕਰਦਾ ਹੈ?

**ਹਾਂ।** ਇੱਥੇ ਵੋਟਰਾਂ ਨੂੰ ਵਿਤਕਰੇ ਤੋਂ ਬਚਾਉਣ ਲਈ ਦੋ ਸਭ ਤੋਂ ਮਹੱਤਵਪੂਰਨ ਸੰਘੀ ਕਨੂੰਨ ਦਿੱਤੇ ਗਏ ਹਨ।

**ਪਹਿਲਾ ਕਨੂੰਨ ਵੋਟਿੰਗ ਰਾਈਟਸ ਐਕਟ (Voting Rights Act, VRA) ਹੈ।** VRA ਦਾ ਸੈਕਸ਼ਨ 2 ਕਿਸੇ ਨਾਗਰਿਕ ਦੀ ਨਸਲ ਜਾਂ ਰੰਗ ਦੇ ਕਾਰਨ ਵੋਟਿੰਗ ਦੇ ਅਧਿਕਾਰਾਂ ਤੋਂ ਇਨਕਾਰ ਜਾਂ ਉਹਨਾਂ ਨੂੰ ਸੀਮਿਤ ਕਰਨਾ ਗੈਰ-ਕਨੂੰਨੀ ਬਣਾਉਂਦਾ ਹੈ। ਇਹ ਉਹਨਾਂ ਨਾਗਰਿਕਾਂ ਨਾਲ ਵਿਤਕਰਾ ਕਰਨਾ ਵੀ ਗੈਰ-ਕਨੂੰਨੀ ਬਣਾਉਂਦਾ ਹੈ ਜੋ ਕਿਸੇ ਵੀ ਭਾਸ਼ਾਈ ਘੱਟ-ਗਿਣਤੀ ਸਮੂਹ ਦੇ ਮੈਂਬਰ ਹਨ, ਜਿਸਨੂੰ VRA ਅਮਰੀਕੀ ਭਾਰਤੀ, ਏਸ਼ੀਆਈ ਅਮਰੀਕੀ, ਅਲਾਸਕਾ ਦੇ ਮੂਲ ਨਿਵਾਸੀਆਂ, ਜਾਂ ਲਾਤੀਨੀ ਵਿਅਕਤੀਆਂ ਨੂੰ ਸ਼ਾਮਲ ਕਰਨ ਦੇ ਰੂਪ ਵਿੱਚ ਪਰਿਭਾਸ਼ਿਤ ਕਰਦਾ ਹੈ।

ਸੈਕਸ਼ਨ 2 ਦੇ ਤਹਿਤ, ਰਾਜ ਅਤੇ ਸਥਾਨਕ ਸਰਕਾਰਾਂ ਅਜਿਹੀਆਂ ਵੋਟਿੰਗ ਪ੍ਰਥਾਵਾਂ ਜਾਂ ਚੋਣ ਦੇ ਨਿਯਮਾਂ ਦੀ ਵਰਤੋਂ ਨਹੀਂ ਕਰ ਸਕਦੀਆਂ ਜੋ ਜਾਣਬੁੱਝ ਕੇ ਵਿਤਕਰਾ ਕਰਦੇ ਹਨ। ਨਾ ਹੀ ਉਹ ਅਜਿਹੀਆਂ ਪ੍ਰਥਾਵਾਂ ਜਾਂ ਨਿਯਮਾਂ ਦੀ ਵਰਤੋਂ ਕਰ ਸਕਦੇ ਹਨ ਜਿਨ੍ਹਾਂ ਦਾ ਨਤੀਜਾ ਉਹ ਨਾਗਰਿਕ ਹੁੰਦੇ ਹਨ ਜੋ ਅਜਿਹੀ ਕਿਸੇ ਨਸਲ ਜਾਂ ਭਾਸ਼ਾਈ ਘੱਟ-ਗਿਣਤੀ ਸਮੂਹ ਨਾਲ ਸੰਬੰਧਿਤ ਹੁੰਦੇ ਹਨ ਜਿਸਨੂੰ ਵੋਟ ਪਾਉਣ ਅਤੇ ਆਪਣੀ ਪਸੰਦ ਦੇ ਜਨਤਕ ਅਧਿਕਾਰੀਆਂ ਨੂੰ ਚੁਣਨ ਦਾ ਹਰ ਕਿਸੇ ਨਾਲੋਂ ਘੱਟ ਮੌਕਾ ਮਿਲਦਾ ਹੈ।

**ਦੂਜਾ ਕਨੂੰਨ ਅਪੰਗ ਅਮਰੀਕੀਆਂ ਲਈ ਐਕਟ (Americans with Disabilities Act) ਹੈ।** ਇਸ ਕਨੂੰਨ ਦੇ ਸਿਰਲੇਖ II ਦੇ ਤਹਿਤ ਰਾਜ ਅਤੇ ਸਥਾਨਕ ਸਰਕਾਰਾਂ ਲਈ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਅਪੰਗ ਲੋਕਾਂ ਨੂੰ ਵੋਟ ਪਾਉਣ ਦਾ ਪੂਰਾ ਅਤੇ ਬਰਾਬਰ ਮੌਕਾ ਮਿਲੇ। VRA ਦੇ ਸੈਕਸ਼ਨ 2 ਵਾਂਗ, ਇਹ ਕਨੂੰਨ ਵੋਟਿੰਗ ਦੇ ਸਾਰੇ ਪਹਿਲੂਆਂ 'ਤੇ ਲਾਗੂ ਹੁੰਦਾ ਹੈ। ਇਸ ਵਿੱਚ ਵੋਟ ਪਾਉਣ ਲਈ ਰਜਿਸਟਰ ਕਰਨਾ, ਚੋਣ ਸਥਾਨਾਂ ਵਿੱਚ ਦਾਖਲ ਹੋਣਾ, ਅਤੇ ਚੋਣ ਵਾਲੇ ਦਿਨ ਅਤੇ ਸ਼ੁਰੂਆਤੀ ਵੋਟਿੰਗ, ਦੋਵਾਂ ਦੇ ਦੌਰਾਨ ਵੋਟ ਪਾਉਣਾ ਸ਼ਾਮਲ ਹਨ। ਤੁਸੀਂ **ada.gov** 'ਤੇ ਵਧੇਰੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

## ਕੀ ਸੰਘੀ ਕਨੂੰਨ ਵੋਟਰਾਂ ਨੂੰ ਧਮਕਾਉਣ ਤੋਂ ਬਚਾਉਂਦੇ ਹਨ?

**ਹਾਂ।** ਅਜਿਹੇ ਸਿਵਲ ਅਤੇ ਅਪਰਾਧਿਕ ਸੰਘੀ ਕਨੂੰਨ ਮੌਜੂਦ ਹਨ ਜੋ ਵੋਟ ਪਾਉਣ ਜਾਂ ਵੋਟ ਪਾਉਣ ਦੀ ਕੋਸ਼ਿਸ਼ ਕਰਨ ਲਈ ਕਿਸੇ ਵਿਅਕਤੀ ਨੂੰ ਡਰਾਉਣਾ, ਧਮਕਾਉਣਾ ਜਾਂ ਉਸ ਨਾਲ ਜ਼ਬਰਦਸਤੀ ਕਰਨਾ ਗੈਰ-ਕਨੂੰਨੀ ਬਣਾਉਂਦੇ ਹਨ, ਅਤੇ ਅਜਿਹੇ ਸੰਘੀ ਕਨੂੰਨ ਵੀ ਮੌਜੂਦ ਹਨ ਜੋ ਉਹਨਾਂ ਲੋਕਾਂ ਨੂੰ ਡਰਾਉਣਾ, ਧਮਕਾਉਣਾ ਜਾਂ ਉਹਨਾਂ ਨਾਲ ਜ਼ਬਰਦਸਤੀ ਕਰਨਾ ਗੈਰ-ਕਨੂੰਨੀ ਬਣਾਉਂਦੇ ਹਨ, ਜੋ ਦੂਜਿਆਂ ਨੂੰ ਵੋਟ ਪਾਉਣ ਦੀ ਅਪੀਲ ਜਾਂ ਉਸ ਵਿੱਚ ਉਹਨਾਂ ਦੀ ਮਦਦ ਕਰ ਰਹੇ ਹਨ।

ਸਿਵਲ ਕਨੂੰਨਾਂ ਵਿੱਚ 1957 ਦਾ ਸਿਵਲ ਰਾਈਟਸ ਐਕਟ (Civil Rights Act of 1957) ਅਤੇ ਵੋਟਿੰਗ ਰਾਈਟਸ ਐਕਟ ਸ਼ਾਮਲ ਹਨ। ਅਪਰਾਧਿਕ ਕਨੂੰਨ ਯੂ.ਐੱਸ. ਕੋਡ ਦੇ ਕਈ ਸਿਰਲੇਖਾਂ ਵਿੱਚ ਸਾਮ੍ਹਣੇ ਆਉਂਦੇ ਹਨ।



# ਵੋਟਰ ਰਜਿਸਟਰੇਸ਼ਨ

## ਮੈਂ ਵੋਟ ਪਾਉਣ ਲਈ ਰਜਿਸਟਰ ਕਿੱਥੇ ਕਰ ਸਕਦਾ/ਸਕਦੀ ਹਾਂ?

**ਰਾਸ਼ਟਰੀ ਵੋਟਰ ਰਜਿਸਟਰੇਸ਼ਨ ਐਕਟ (National Voter Registration Act, NVRA) ਜ਼ਿਆਦਾਤਰ ਰਾਜਾਂ (ਆਇਡਾਹੋ, ਮਿਨੇਸੋਟਾ, ਨਿਊ ਹੈਂਪਸ਼ਾਇਰ, ਨੌਰਥ ਡਕੋਟਾ, ਵਿਸਕਾਨਸਿਨ, ਅਤੇ ਵਾਇਓਮਿੰਗ ਨੂੰ ਛੱਡ ਕੇ ਸਾਰੇ ਰਾਜ) ਕੋਲੋਂ ਇਹ ਲੋੜਦਾ ਹੈ ਕਿ ਉਹ ਤੁਹਾਨੂੰ ਡਾਕ ਰਾਹੀਂ ਵੋਟ ਪਾਉਣ ਲਈ ਰਜਿਸਟਰ ਕਰਨ ਦੀ ਇਜਾਜ਼ਤ ਦੇਣ।**

ਉਹਨਾਂ ਹੀ 44 ਰਾਜਾਂ ਤੋਂ ਇਹ ਵੀ ਲੋੜਿਆ ਜਾਂਦਾ ਹੈ ਕਿ ਉਹ ਤੁਹਾਨੂੰ ਵੱਖੋ-ਵੱਖ ਸਰਕਾਰੀ ਦਫ਼ਤਰਾਂ ਦੇ ਜ਼ਰੀਏ ਤੁਹਾਨੂੰ ਵੋਟ ਪਾਉਣ ਲਈ ਰਜਿਸਟਰ ਕਰਨ ਦੀ ਇਜਾਜ਼ਤ ਦੇਣ। ਉਹ ਦਫ਼ਤਰ ਜੋ ਡ੍ਰਾਈਵਰ

ਲਾਇਸੰਸ, ਜਨਤਕ ਸਹਾਇਤਾ, ਜਾਂ ਅਪੰਗਤਾ ਸੇਵਾਵਾਂ ਪ੍ਰਦਾਨ ਕਰਦੇ ਹਨ, ਅਤੇ ਹਥਿਆਰਬੰਦ ਸੈਨਾ ਦੇ ਭਰਤੀ ਦਫ਼ਤਰ ਇਹਨਾਂ ਦੇ ਕੁਝ ਉਦਾਹਰਨ ਹਨ। ਤੁਹਾਡਾ ਰਾਜ ਰਜਿਸਟਰ ਕਰਨ ਦੇ ਹੋਰ ਤਰੀਕਿਆਂ ਦੀ ਪੇਸ਼ਕਸ਼ ਵੀ ਕਰ ਸਕਦਾ ਹੈ, ਜਿਵੇਂ ਚੋਣ ਦਫ਼ਤਰ, ਵੋਟਰ ਰਜਿਸਟਰੇਸ਼ਨ ਆਯੋਜਨ, ਚੋਣ ਅਸਥਾਨ, ਡਾਕ ਦੇ ਜ਼ਰੀਏ ਜਾਂ ਆਨਲਾਈਨ।

ਜੇਕਰ ਤੁਸੀਂ ਰਜਿਸਟਰ ਕਰਨ ਲਈ ਯੋਗ ਹੋ, ਤਾਂ ਰਾਜਾਂ ਨੂੰ ਤੁਹਾਨੂੰ ਓਦੋਂ ਤੱਕ ਇੱਕ ਸੰਘੀ ਚੋਣ ਵਿੱਚ ਵੋਟ ਪਾਉਣ ਦੀ ਇਜਾਜ਼ਤ ਦੇਣੀ ਲਾਜ਼ਮੀ ਹੈ ਜਦੋਂ ਤੱਕ ਤੁਹਾਡੀ ਰਜਿਸਟਰੇਸ਼ਨ ਦੀ ਅਰਜ਼ੀ ਉਸ ਚੋਣ ਤੋਂ ਘੱਟੋ-ਘੱਟ 30 ਦਿਨ ਪਹਿਲਾਂ ਸਹੀ ਦਫ਼ਤਰ ਦੁਆਰਾ ਡਾਕ ਰਾਹੀਂ ਭੇਜੀ ਜਾਂ ਪ੍ਰਾਪਤ ਕੀਤੀ ਗਈ ਹੋਵੇ। ਕੁਝ ਰਾਜਾਂ ਵਿੱਚ, ਇਹ ਸਮਾਂ-ਸੀਮਾ ਚੋਣਾਂ ਦੇ ਹੋਰ ਵੀ ਨੇੜੇ ਹੁੰਦੀ ਹੈ; ਅਤੇ ਕੁਝ ਹੋਰ ਰਾਜ ਚੋਣ ਵਾਲੇ ਦਿਨ ਰਜਿਸਟਰੇਸ਼ਨ ਕਰਨ ਦੀ ਇਜਾਜ਼ਤ ਦਿੰਦੇ ਹਨ।

ਕਿਰਪਾ ਕਰਕੇ ਸ਼ਰਤਾਂ ਅਤੇ ਸਮਾਂ-ਸੀਮਾਵਾਂ ਬਾਰੇ ਖ਼ਾਸ ਜਾਣਕਾਰੀ ਲਈ ਆਪਣੇ ਰਾਜ ਦੀ ਚੋਣ ਵੈੱਬਸਾਈਟ ਵੇਖੋ। ਤੁਸੀਂ **vote.gov** ’ਤੇ ਜਾ ਕੇ ਉਸ ਵੈੱਬਸਾਈਟ ਨੂੰ ਲੱਭ ਸਕਦੇ ਹੋ।

## ਮੈਨੂੰ ਵੋਟਰ ਰਜਿਸਟਰੇਸ਼ਨ ਸੂਚੀ ਵਿੱਚੋਂ ਕਦੋਂ ਹਟਾਇਆ ਜਾ ਸਕਦਾ ਹੈ?

**ਰਾਸ਼ਟਰੀ ਵੋਟਰ ਰਜਿਸਟਰੇਸ਼ਨ ਐਕਟ ਦੀ ਧਾਰਾ 8 ਦੇ ਤਹਿਤ, ਜੇਕਰ ਤੁਸੀਂ ਅਧਿਕਾਰੀਆਂ ਨੂੰ ਕਹਿੰਦੇ ਹੋ, ਜਾਂ ਜੇਕਰ ਤੁਹਾਡੀ ਮੌਤ ਹੋ ਜਾਂਦੀ ਹੈ, ਤਾਂ ਉਹ ਤੁਹਾਨੂੰ ਸੰਘੀ ਚੋਣਾਂ ਲਈ ਵੋਟਰ ਰਜਿਸਟਰੇਸ਼ਨ ਸੂਚੀ ਵਿੱਚੋਂ ਹਟਾ ਸਕਦੇ ਹਨ।**

ਜੇਕਰ ਤੁਸੀਂ ਕਿਸੇ ਹੋਰ ਟਿਕਾਣੇ ’ਤੇ ਚਲੇ ਜਾਂਦੇ ਹੋ ਤਾਂ ਵੀ ਤੁਹਾਨੂੰ ਸੂਚੀ ਵਿੱਚੋਂ ਓਦੋਂ ਤੱਕ ਹਟਾਇਆ ਜਾ ਸਕਦਾ ਹੈ, ਜਦੋਂ ਤੱਕ ਅਧਿਕਾਰੀ ਨੋਟਿਸ ਅਤੇ ਸਮੇਂ ਨਾਲ ਸੰਬੰਧਿਤ NVRA ਦੇ ਨਿਯਮਾਂ ਦੀ ਪਾਲਣਾ ਕਰਦੇ ਹਨ। ਤੁਹਾਨੂੰ ਵੋਟਰ ਰਜਿਸਟਰੇਸ਼ਨ ਸੂਚੀ ਵਿੱਚੋਂ ਸਿਰਫ਼ ਇਸ ਲਈ ਨਹੀਂ ਹਟਾਇਆ ਜਾ ਸਕਦਾ ਕਿ ਤੁਸੀਂ ਕਿਸੇ ਚੋਣ ਵਿੱਚ ਵੋਟ ਨਹੀਂ ਪਾਈ ਸੀ। ਪਰ ਜੇਕਰ ਤੁਸੀਂ ਉਸ ਨੋਟਿਸ ਦਾ ਜਵਾਬ ਨਹੀਂ ਦਿੰਦੇ ਜਿਸ ਵਿੱਚ ਤੁਹਾਨੂੰ ਇਹ ਪੁਸ਼ਟੀ ਕਰਨ ਲਈ ਕਿਹਾ ਗਿਆ ਹੋਵੇ ਕਿ ਕੀ ਤੁਸੀਂ ਕਿਸੇ ਹੋਰ ਟਿਕਾਣੇ ’ਤੇ ਚਲੇ ਗਏ ਹੋ, ਅਤੇ ਫਿਰ ਤੁਸੀਂ ਅਗਲੇ ਦੋ ਸੰਘੀ ਚੋਣ ਗੇੜਾਂ ਵਿੱਚ ਵੋਟ ਨਹੀਂ ਪਾਉਂਦੇ, ਤਾਂ ਤੁਹਾਨੂੰ ਹਟਾਇਆ ਜਾ ਸਕਦਾ ਹੈ।

ਜੇਕਰ ਤੁਹਾਨੂੰ ਕੁਝ ਖਾਸ ਅਪਰਾਧਾਂ ਲਈ ਦੋਸ਼ੀ ਠਹਿਰਾਇਆ ਜਾਂਦਾ ਹੈ ਜਾਂ ਮਾਨਸਿਕ ਤੌਰ 'ਤੇ ਅਸਮਰੱਥ ਮੰਨਿਆ ਜਾਂਦਾ ਹੈ ਤਾਂ ਕਈ ਰਾਜ ਵੀ ਤੁਹਾਨੂੰ ਸੂਚੀ ਵਿੱਚੋਂ ਕੱਢ ਦੇਣਗੇ।

## ਜੇਕਰ ਮੈਂ ਕਿਸੇ ਹੋਰ ਥਾਂ 'ਤੇ ਚਲਾ ਜਾਂਦਾ/ਜਾਂਦੀ ਹਾਂ ਜਾਂ ਆਪਣਾ ਵੋਟਰ ਰਜਿਸਟਰੇਸ਼ਨ ਪਤਾ ਅਪਡੇਟ ਕਰਨਾ ਭੁੱਲ ਜਾਂਦਾ/ਜਾਂਦੀ ਹਾਂ ਤਾਂ ਕੀ ਮੈਂ ਵੋਟ ਪਾ ਸਕਦਾ/ਸਕਦੀ ਹਾਂ?

**ਇਹ ਨਿਰਭਰ ਕਰਦਾ ਹੈ।** ਮੰਨ ਲਓ ਕਿ ਤੁਸੀਂ ਸਮਾਨ ਚੋਣ ਅਸਥਾਨ ਦੇ ਤਹਿਤ ਆਉਣ ਵਾਲੇ ਕਿਸੇ ਖੇਤਰ ਵਿੱਚ ਚਲੇ ਗਏ ਹੋ (ਉਦਾਹਰਨ ਲਈ, ਤੁਸੀਂ ਬੱਸ ਬਲਾਕ ਵਿੱਚ ਅੱਗੇ ਚਲੇ ਗਏ ਹੋ)। ਓਦੋਂ ਰਾਸ਼ਟਰੀ ਵੋਟਰ ਰਜਿਸਟਰੇਸ਼ਨ ਐਕਟ ਤੁਹਾਨੂੰ ਉਸ ਚੋਣ ਅਸਥਾਨ 'ਤੇ ਵੋਟ ਪਾਉਣ ਦੀ ਇਜਾਜ਼ਤ ਦਿੰਦਾ ਹੈ। ਪਰ ਤੁਹਾਨੂੰ ਚੋਣ ਅਧਿਕਾਰੀਆਂ ਕੋਲ ਆਪਣਾ ਪਤਾ ਅਪਡੇਟ ਕਰਨਾ ਪਵੇਗਾ (ਜੋ ਤੁਸੀਂ ਵੋਟ ਪਾਉਣ ਵੇਲੇ ਚੋਣ ਅਸਥਾਨ 'ਤੇ ਕਰ ਸਕਦੇ ਹੋ) ਤਾਂ ਜੋ ਭਵਿੱਖ ਦੀਆਂ ਚੋਣਾਂ ਲਈ ਉਹ ਸਹੀ ਹੋਵੇ।

ਮੰਨ ਲਓ ਕਿ ਤੁਸੀਂ ਕਿਸੇ ਅਜਿਹੇ ਪਤੇ 'ਤੇ ਚਲੇ ਗਏ ਹੋ ਜਿਸਦਾ ਚੋਣ ਅਸਥਾਨ ਵੱਖਰਾ ਹੈ, ਪਰ ਤੁਸੀਂ ਅਜੇ ਵੀ ਉਸੇ ਰਜਿਸਟ੍ਰਾਰ ਦੇ ਅਧਿਕਾਰ-ਖੇਤਰ (ਉਦਾਹਰਨ ਲਈ, ਉਸੇ ਸ਼ਹਿਰ ਵਿੱਚ ਕਿਤੇ) ਅਤੇ ਉਸੇ ਕਾਂਗਰਸ ਦੇ ਜ਼ਿਲ੍ਹੇ ਵਿੱਚ ਰਹਿੰਦੇ ਹੋ। ਓਦੋਂ ਤੁਸੀਂ ਆਪਣੇ ਪੁਰਾਣੇ ਚੋਣ ਅਸਥਾਨ 'ਤੇ ਵੋਟ ਪਾ ਸਕਦੇ ਹੋ। ਅਤੇ ਕੁਝ ਰਾਜਾਂ ਵਿੱਚ, ਤੁਹਾਨੂੰ ਆਪਣੇ ਪੁਰਾਣੇ ਚੋਣ ਅਸਥਾਨ ਦੀ ਬਜਾਏ ਕਿਸੇ ਨਵੇਂ ਚੋਣ ਅਸਥਾਨ ਜਾਂ ਕਿਸੇ ਕੇਂਦਰੀ ਅਸਥਾਨ 'ਤੇ ਵੋਟ ਪਾਉਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ, ਜਿਵੇਂ ਰਜਿਸਟ੍ਰਾਰ ਦਾ ਦਫ਼ਤਰ। ਫਿਰ, ਤੁਹਾਨੂੰ ਚੋਣ ਅਧਿਕਾਰੀਆਂ ਕੋਲ ਆਪਣਾ ਪਤਾ ਅਪਡੇਟ ਕਰਨਾ ਪਵੇਗਾ (ਜੋ ਤੁਸੀਂ ਵੋਟ ਪਾਉਣ ਵੇਲੇ ਚੋਣ ਅਸਥਾਨ 'ਤੇ ਕਰ ਸਕਦੇ ਹੋ) ਤਾਂ ਜੋ ਭਵਿੱਖ ਦੀਆਂ ਚੋਣਾਂ ਲਈ ਉਹ ਸਹੀ ਹੋਵੇ।

ਮੰਨ ਲਓ ਕਿ ਤੁਸੀਂ ਕਿਤੇ ਵੀ ਨਹੀਂ ਗਏ, ਪਰ ਰਜਿਸਟਰੇਸ਼ਨ ਰਿਕਾਰਡ ਗਲਤ ਰਿਪੋਰਟ ਦਿੰਦੇ ਹਨ ਕਿ ਤੁਸੀਂ ਕਿਤੇ ਚਲੇ ਗਏ ਹੋ। ਓਦੋਂ ਤੁਹਾਨੂੰ ਇਹ ਪੁਸ਼ਟੀ ਕਰਨ ਤੋਂ ਬਾਅਦ ਆਪਣੇ ਚੋਣ ਅਸਥਾਨ 'ਤੇ ਵੋਟ ਪਾਉਣ ਦਾ ਅਧਿਕਾਰ ਹੈ ਕਿ ਤੁਸੀਂ ਉੱਥੇ ਹੀ ਰਹਿ ਰਹੇ ਹੋ ਜਿੱਥੇ ਤੁਸੀਂ ਰਜਿਸਟਰਡ ਸੀ।

ਕਿਰਪਾ ਕਰਕੇ ਆਪਣੇ ਸਹੀ ਚੋਣ ਅਸਥਾਨ ਬਾਰੇ ਜਾਣਕਾਰੀ ਲਈ ਆਪਣੇ ਰਾਜ ਦੀ ਚੋਣ ਵੈੱਬਸਾਈਟ ਵੇਖੋ। ਤੁਸੀਂ **vote.gov** 'ਤੇ ਜਾ ਕੇ ਉਸ ਵੈੱਬਸਾਈਟ ਨੂੰ ਲੱਭ ਸਕਦੇ ਹੋ।

ਅਖ਼ੀਰ ਵਿੱਚ, ਜੇਕਰ ਤੁਸੀਂ ਚੋਣ ਵਾਲੇ ਦਿਨ ਤੋਂ ਥੋੜ੍ਹਾ ਸਮਾਂ ਪਹਿਲਾਂ ਚਲੇ ਗਏ ਸੀ ਜਾਂ ਜੇਕਰ ਚੋਣ ਵਾਲੇ ਦਿਨ ਤੁਸੀਂ ਰਾਜ ਤੋਂ ਬਾਹਰ ਹੋ ਤਾਂ ਸੰਘੀ ਕਨੂੰਨ ਰਾਸ਼ਟਰਪਤੀ ਦੇ ਅਹੁਦੇ ਲਈ ਚੋਣਾਂ ਵਿੱਚ ਵੋਟ ਪਾਉਣ ਦੇ ਤੁਹਾਡੇ ਅਧਿਕਾਰ ਦੀ ਰੱਖਿਆ ਕਰਦਾ ਹੈ। ਇਹ ਅਧਿਕਾਰ ਵੋਟਿੰਗ ਰਾਈਟਸ ਐਕਟ ਦੀ ਧਾਰਾ 202 ਦੇ ਤਹਿਤ ਸੁਰੱਖਿਅਤ ਹੈ।

## ਜੇਕਰ ਮੈਂ ਵੋਟ ਪਾਉਣ ਲਈ ਰਜਿਸਟਰੇਸ਼ਨ ਕੀਤਾ ਸੀ ਪਰ ਮੇਰਾ ਨਾਂ ਪੋਲ ਬੁੱਕ ਵਿੱਚ ਸੂਚੀਬੱਧ ਨਹੀਂ ਹੈ ਤਾਂ ਕੀ ਹੋਵੇਗਾ?

**ਜ਼ਿਆਦਾਤਰ ਰਾਜਾਂ ਵਿੱਚ, ਤੁਹਾਨੂੰ ਇਹ ਦਾਅਵਾ ਕਰਨ ਤੋਂ ਬਾਅਦ ਸੰਘੀ ਚੋਣਾਂ ਵਿੱਚ ਵੋਟ ਪਾਉਣ ਲਈ ਇੱਕ "ਆਰਜ਼ੀ ਵੋਟ-ਪੱਤਰ" ਮਿਲ ਸਕਦਾ ਹੈ ਕਿ ਤੁਸੀਂ ਰਜਿਸਟਰਡ ਅਤੇ ਯੋਗ ਹੋ।** ਹੈਲਪ ਅਮੇਰਿਕਾ ਵੋਟ ਐਕਟ (Help America Vote Act) ਦੀ ਧਾਰਾ 302 ਇਸ ਬਾਰੇ ਕੁਝ ਨਿਯਮ ਨਿਰਧਾਰਿਤ ਕਰਦੀ ਹੈ। ਜੇਕਰ ਕੋਈ ਚੋਣ ਅਧਿਕਾਰੀ ਇਹ ਦਾਅਵਾ ਕਰਦਾ ਹੈ ਕਿ ਤੁਸੀਂ ਵੋਟ ਪਾਉਣ ਲਈ ਯੋਗ ਨਹੀਂ ਹੋ ਤਾਂ ਤੁਹਾਨੂੰ ਇੱਕ ਆਰਜ਼ੀ ਵੋਟ-ਪੱਤਰ ਦੀ ਪੇਸ਼ਕਸ਼ ਵੀ ਕੀਤੀ ਜਾ ਸਕਦੀ ਹੈ।

ਰਾਜ ਦੇ ਕਨੂੰਨ ਤੁਹਾਨੂੰ ਇੱਕ ਆਰਜ਼ੀ ਵੋਟ-ਪੱਤਰ ਦੇਣ ਲਈ ਹੋਰ ਕਾਰਨ ਵੀ ਪ੍ਰਦਾਨ ਕਰ ਸਕਦੇ ਹਨ—ਉਦਾਹਰਨ ਲਈ, ਜੇਕਰ ਤੁਸੀਂ ਵੋਟ ਪਾਉਣ ਲਈ ਜਾਣ ਵੇਲੇ ਰਾਜ ਦਾ ਲੋੜੀਂਦਾ ਆਈ.ਡੀ. ਨਹੀਂ ਲਿਆਉਂਦੇ (ਕਿਸੇ ਅਜਿਹੇ ਰਾਜ ਵਿੱਚ ਜਿੱਥੇ ਵੋਟ ਪਾਉਣ ਲਈ ਆਈ.ਡੀ. ਵਿਖਾਉਣਾ ਜ਼ਰੂਰੀ ਹੈ) ਜਾਂ ਜੇਕਰ ਤੁਹਾਨੂੰ ਪਹਿਲਾਂ ਹੀ ਇੱਕ ਗੈਰਹਾਜ਼ਰੀ ਲਈ ਵੋਟ-ਪੱਤਰ ਭੇਜਿਆ ਜਾ ਚੁੱਕਾ ਹੈ।

ਇੱਕ ਆਰਜ਼ੀ ਵੋਟ-ਪੱਤਰ ਨਾਲ ਵੋਟ ਪਾਉਣ ਲਈ, ਤੁਹਾਨੂੰ ਇੱਕ ਲਿਖਤੀ ਪੁਸ਼ਟੀਕਰਨ 'ਤੇ ਦਸਤਖ਼ਤ ਕਰਨੇ ਪੈਣਗੇ। ਫਿਰ ਤੁਹਾਡੇ ਭਰੇ ਹੋਏ ਵੋਟ-ਪੱਤਰ ਨੂੰ ਨਿਯਮਿਤ ਵੋਟ-ਪੱਤਰਾਂ ਤੋਂ ਓਦੋਂ ਤੱਕ ਵੱਖ ਰੱਖਿਆ ਜਾਵੇਗਾ ਜਦੋਂ ਤੱਕ ਕੋਈ ਚੋਣ ਅਧਿਕਾਰੀ ਇਹ ਨਿਰਧਾਰਿਤ ਨਹੀਂ ਕਰਦਾ ਕਿ ਉਸਨੂੰ ਗਿਣਿਆ ਜਾਣਾ ਚਾਹੀਦਾ ਹੈ ਜਾਂ ਨਹੀਂ। ਤੁਹਾਨੂੰ ਇਹ ਪਤਾ ਲਗਾਉਣ ਦੇ ਤਰੀਕੇ ਬਾਰੇ ਲਿਖਤੀ ਹਿਦਾਇਤਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਕਿ ਤੁਹਾਡੇ ਵੋਟ-ਪੱਤਰ ਦੀ ਗਿਣਤੀ ਕੀਤੀ ਗਈ ਸੀ ਜਾਂ ਨਹੀਂ, ਅਤੇ ਜੇਕਰ ਉਹ ਗਿਣਿਆ ਨਹੀਂ ਗਿਆ ਸੀ, ਤਾਂ ਉਸਦਾ ਕਾਰਨ ਕੀ ਸੀ। ਰਾਜ ਦੇ ਕਨੂੰਨ ਦੇ ਤਹਿਤ, ਤੁਹਾਨੂੰ ਕਿਸੇ ਖ਼ਾਸ ਮਿਤੀ ਤੱਕ ਵਾਧੂ ਜਾਣਕਾਰੀ ਵੀ ਦੇਣੀ ਪੈ ਸਕਦੀ ਹੈ ਤਾਂ ਜੋ ਤੁਹਾਡੇ ਵੋਟ-ਪੱਤਰ ਨੂੰ ਗਿਣਿਆ ਜਾਵੇ।

# ਵਿਦੇਸ਼ ਵਿੱਚ ਵੋਟਿੰਗ

## ਜੇਕਰ ਮੈਂ ਕਿਰਿਆਸ਼ੀਲ ਡਿਊਟੀ 'ਤੇ ਦੂਰ ਹਾਂ ਜਾਂ ਵਿਦੇਸ਼ ਵਿੱਚ ਰਹਿ ਰਿਹਾ/ਰਹੀ ਹਾਂ ਤਾਂ ਕੀ ਮੈਂ ਵੋਟ ਪਾ ਸਕਦਾ/ਸਕਦੀ ਹਾਂ?

**ਹਾਂ।** ਜੇਕਰ ਤੁਸੀਂ ਅਮਰੀਕਾ ਵਿੱਚ ਰਹਿੰਦੇ ਹੋਏ ਵੋਟ ਪਾਉਣ ਲਈ ਯੋਗ ਹੁੰਦੇ, ਤਾਂ ਵਰਦੀਧਾਰੀ ਅਤੇ ਵਿਦੇਸ਼ੀ ਨਾਗਰਿਕ ਗੈਰਹਾਜ਼ਰੀ ਵਿੱਚ ਵੋਟਿੰਗ ਐਕਟ (Uniformed and Overseas Citizens Absentee Voting Act) ਸੰਘੀ ਚੋਣਾਂ ਵਿੱਚ ਗੈਰਹਾਜ਼ਰ ਰਹਿੰਦੇ ਹੋਏ ਰਜਿਸਟਰ ਕਰਨ ਅਤੇ ਵੋਟ ਪਾਉਣ ਦੇ ਤੁਹਾਡੇ ਅਧਿਕਾਰ ਦੀ ਰੱਖਿਆ ਕਰਦਾ ਹੈ।

ਇਹ ਕਨੂੰਨ ਉਹਨਾਂ ਨਾਗਰਿਕਾਂ ਦੀ ਰੱਖਿਆ ਕਰਦਾ ਹੈ ਜੋ ਫੌਜ ਜਾਂ ਮਰਚੈਂਟ ਮਰੀਨ ਵਿੱਚ ਹਨ ਅਤੇ ਜੋ ਘਰੋਂ ਦੂਰ ਕਿਰਿਆਸ਼ੀਲ ਡਿਊਟੀ ਵਿੱਚ ਆਪਣੀਆਂ ਸੇਵਾਵਾਂ ਦੇ ਰਹੇ ਹਨ, ਭਾਵੇਂ ਉਹ ਵਿਦੇਸ਼ਾਂ ਵਿੱਚ ਜਾਂ ਅਮਰੀਕਾ ਦੇ ਅੰਦਰ ਆਪਣੀਆਂ ਸੇਵਾਵਾਂ ਦੇ ਰਹੇ ਹਨ। ਇਹ ਪਰਿਵਾਰ ਦੇ ਉਹਨਾਂ ਯੋਗ ਮੈਂਬਰਾਂ ਦੀ ਰੱਖਿਆ ਵੀ ਕਰਦਾ ਹੈ ਜੋ ਉਸ ਸੇਵਾ ਕਰਕੇ ਘਰੋਂ ਦੂਰ ਹਨ। ਅਤੇ ਇਹ ਵਿਦੇਸ਼ ਵਿੱਚ ਰਹਿਣ ਵਾਲੇ ਅਮਰੀਕੀ ਨਾਗਰਿਕਾਂ ਦੇ ਵੋਟਿੰਗ ਅਧਿਕਾਰਾਂ ਦੀ ਰੱਖਿਆ ਕਰਦਾ ਹੈ।

ਸੰਘੀ ਚੋਣਾਂ ਲਈ, ਤੁਸੀਂ ਵੋਟ ਪਾਉਣ ਲਈ ਰਜਿਸਟਰ ਕਰ ਸਕਦੇ ਹੋ ਅਤੇ ਉਸੇ ਵੇਲੇ ਸੰਘੀ ਪੋਸਟ ਕਾਰਡ ਐਪਲੀਕੇਸ਼ਨ ਨੂੰ ਵਰਤ ਕੇ ਗੈਰਹਾਜ਼ਰ ਵੋਟ-ਪੱਤਰ ਲਈ ਬੇਨਤੀ ਕਰ ਸਕਦੇ ਹੋ। ਤੁਸੀਂ ਆਪਣਾ ਗੈਰਹਾਜ਼ਰ ਵੋਟ-ਪੱਤਰ ਡਾਕ ਰਾਹੀਂ ਜਾਂ ਇਲੈਕਟ੍ਰਾਨਿਕ ਤਰੀਕੇ ਨਾਲ ਪ੍ਰਾਪਤ ਕਰਨ ਲਈ ਬੇਨਤੀ ਕਰ ਸਕਦੇ ਹੋ। ਜੇਕਰ ਤੁਸੀਂ ਆਪਣੇ ਗੈਰਹਾਜ਼ਰ ਵੋਟ-ਪੱਤਰ ਲਈ ਸਮੇਂ ਸਿਰ ਅਰਜ਼ੀ ਦਿੱਤੀ ਹੈ ਪਰ ਤੁਹਾਨੂੰ ਉਹ ਪ੍ਰਾਪਤ ਨਹੀਂ ਹੋਇਆ ਹੈ, ਤਾਂ ਤੁਸੀਂ ਇੱਕ ਬੈਕ-ਅੱਪ ਫੈਡਰਲ ਰਾਈਟ-ਇਨ ਗੈਰਹਾਜ਼ਰ ਵੋਟ-ਪੱਤਰ ਦੀ ਵਰਤੋਂ ਵੀ ਕਰ ਸਕਦੇ ਹੋ।

ਵਧੇਰੀ ਜਾਣਕਾਰੀ ਲਈ, **fvap.gov** 'ਤੇ ਸੰਘੀ ਵੋਟਿੰਗ ਸਹਾਇਤਾ ਪ੍ਰੋਗਰਾਮ (Federal Voting Assistance Program) ਦੀ ਵੈੱਬਸਾਈਟ ਅਤੇ **justice.gov/crt/uniformed-and-**

overseas-citizens-absentee-voting-act ’ਤੇ ਸਿਵਲ ਰਾਈਟਸ ਡਿਵਿਜ਼ਨ ਦੀ ਵੈੱਬਸਾਈਟ ’ਤੇ ਜਾਓ।

# ਅੰਗਰੇਜ਼ੀ ਵਿੱਚ ਸੀਮਿਤ ਮੁਹਾਰਤ ਨਾਲ ਵੋਟਿੰਗ

## ਕਿਹੜੇ ਸੰਘੀ ਕਨੂੰਨ ਅੰਗਰੇਜ਼ੀ ਵਿੱਚ ਸੀਮਿਤ ਮੁਹਾਰਤ ਵਾਲੇ ਵੋਟਰਾਂ ਦੀ ਰੱਖਿਆ ਕਰਦੇ ਹਨ?

**ਵੋਟਿੰਗ ਰਾਈਟਸ ਐਕਟ ਦੀ ਧਾਰਾ 208 ਉਹਨਾਂ ਵੋਟਰਾਂ ਨੂੰ, ਜਿਨ੍ਹਾਂ ਨੂੰ ਪੜ੍ਹਨ ਵਿੱਚ ਮੁਸ਼ਕਲ ਹੁੰਦੀ ਹੈ (ਉਦਾਹਰਨ ਲਈ, ਕਿਉਂਕਿ ਉਹਨਾਂ ਦੀ ਅੰਗਰੇਜ਼ੀ ਸੀਮਿਤ ਹੈ), ਉਹਨਾਂ ਦੁਆਰਾ ਚੁਣੇ ਗਏ ਕਿਸੇ ਵਿਅਕਤੀ ਤੋਂ ਵੋਟਿੰਗ ਪ੍ਰਕਿਰਿਆ ਵਿੱਚ ਸਹਾਇਤਾ ਪ੍ਰਾਪਤ ਕਰਨ ਦੀ ਇਜਾਜ਼ਤ ਦਿੰਦੀ ਹੈ।** ਪਰ ਉਹ ਵਿਅਕਤੀ ਵੋਟਰ ਦਾ ਰੁਜ਼ਗਾਰਦਾਤਾ ਜਾਂ ਵੋਟਰ ਦੀ ਯੂਨੀਅਨ ਦਾ ਅਧਿਕਾਰੀ ਨਹੀਂ ਹੋ ਸਕਦਾ।

VRA ਦੀ ਧਾਰਾ 4(e) ਚੋਣ ਅਧਿਕਾਰੀਆਂ ਨੂੰ ਕਿਸੇ ਨਾਗਰਿਕ ਦੀ ਅੰਗਰੇਜ਼ੀ ਪੜ੍ਹਨ, ਲਿਖਣ ਜਾਂ ਸਮਝਣ ਦੀ ਯੋਗਤਾ ਦੇ ਅਧਾਰ ’ਤੇ ਵੋਟ ਪਾਉਣ ਦੇ ਅਧਿਕਾਰ ਨੂੰ ਨਿਯੰਤ੍ਰਿਤ ਕਰਨ ਤੋਂ ਰੋਕਦੀ ਹੈ। ਇਹ ਕਨੂੰਨ ਉਹਨਾਂ ਵੋਟਰਾਂ ਦੀ ਰੱਖਿਆ ਕਰਦਾ ਹੈ ਜਿਨ੍ਹਾਂ ਨੇ ਅਮੇਰਿਕਨ-ਫਲੈਗ ਸਕੂਲਾਂ ਵਿੱਚ ਘੱਟੋ-ਘੱਟ ਛੇਵੀਂ ਕਲਾਸ ਪੂਰੀ ਕੀਤੀ ਸੀ ਜਿੱਥੇ ਕਲਾਸਾਂ ਵਿੱਚ ਅੰਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿੱਚ ਪੜ੍ਹਾਇਆ ਜਾਂਦਾ ਸੀ। ਉਦਾਹਰਨ ਲਈ, ਇਹ ਕਨੂੰਨ ਉਹਨਾਂ ਨਾਗਰਿਕਾਂ ’ਤੇ ਲਾਗੂ ਹੁੰਦਾ ਹੈ ਜੋ ਪੁਏਰਤੋ ਰੀਕੋ ਵਿੱਚ ਸਕੂਲ ਗਏ ਸਨ ਅਤੇ ਜਿਨ੍ਹਾਂ ਨੂੰ ਸਪੈਨਿਸ਼ ਵਿੱਚ ਪੜ੍ਹਾਇਆ ਗਿਆ ਸੀ।

ਨਾਲ ਹੀ, VRA ਦੀ ਧਾਰਾ 203 ਦੇ ਤਹਿਤ ਹੋਰ ਭਾਸ਼ਾਵਾਂ ਵਿੱਚ ਚੋਣ ਸਮੱਗਰੀ ਅਤੇ ਸਹਾਇਤਾ ਪ੍ਰਦਾਨ ਕਰਨ ਲਈ ਉਹ ਅਸਥਾਨ ਜ਼ਰੂਰੀ ਹਨ ਜਿੱਥੇ ਭਾਸ਼ਾਈ ਘੱਟ-ਗਿਣਤੀ ਵੋਟਰ ਉਚਿਤ ਸੰਖਿਆ ਵਿੱਚ ਹਨ। ਹਰ ਪੰਜ ਸਾਲਾਂ ਬਾਅਦ, ਯੂ.ਐੱਸ. ਜਨਗਣਨਾ ਬਿਊਰੋ ਉਹਨਾਂ ਅਸਥਾਨਾਂ ਦੀ

ਪਛਾਣ ਕਰਦਾ ਹੈ ਜਿੱਥੇ ਇਹ ਲੋੜੀਂਦਾ ਹੈ ਅਤੇ ਉਹਨਾਂ ਨੂੰ ਕਿਹੜੀਆਂ ਭਾਸ਼ਾਵਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

ਤੁਸੀਂ **census.gov/programs-surveys/decennial-census/about/voting-rights.html** 'ਤੇ ਇਹਨਾਂ ਅਸਥਾਨਾਂ ਦੀ ਮੌਜੂਦਾ ਸੂਚੀ ਪ੍ਰਾਪਤ ਕਰ ਸਕਦੇ ਹੋ।

ਹੈਲਪ ਅਮੇਰਿਕਾ ਵੋਟ ਐਕਟ ਦੀ ਧਾਰਾ 301 ਦੇ ਤਹਿਤ ਇਹ ਜ਼ਰੂਰੀ ਹੈ ਕਿ ਉਹਨਾਂ ਅਧਿਕਾਰ ਖੇਤਰਾਂ ਦੀਆਂ ਵੋਟਿੰਗ ਪ੍ਰਣਾਲੀਆਂ ਤੱਕ ਸਮਾਨ ਭਾਸ਼ਾਵਾਂ ਵਿੱਚ ਪਹੁੰਚ ਕੀਤੀ ਜਾ ਸਕੇ।

# ਅਪੰਗਤਾ ਨਾਲ ਵੋਟਿੰਗ

## ਕਿਹੜੇ ਸੰਘੀ ਕਨੂੰਨ ਅਪੰਗਤਾ ਵਾਲੇ ਵੋਟਰਾਂ ਦੀ ਰੱਖਿਆ ਕਰਦੇ ਹਨ?

**ਅਪੰਗਤਾਵਾਂ ਵਾਲੇ ਅਮਰੀਕੀ ਐਕਟ ਦੇ ਸਿਰਲੇਖ II ਦੇ ਤਹਿਤ ਰਾਜ ਅਤੇ ਸਥਾਨਕ ਸਰਕਾਰਾਂ ਲਈ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਅਪੰਗ ਲੋਕਾਂ ਨੂੰ ਵੋਟ ਪਾਉਣ ਦਾ ਪੂਰਾ ਅਤੇ ਬਰਾਬਰ ਮੌਕਾ ਮਿਲੇ।**

ਇਹ ਕਨੂੰਨ ਵੋਟਿੰਗ ਦੇ ਸਾਰੇ ਪਹਿਲੂਆਂ 'ਤੇ ਲਾਗੂ ਹੁੰਦਾ ਹੈ। ਇਸ ਵਿੱਚ ਵੋਟਰ ਰਜਿਸਟਰੇਸ਼ਨ, ਚੋਣ ਅਸਥਾਨਾਂ ਵਿੱਚ ਦਾਖਲ ਹੋਣਾ, ਅਤੇ ਚੋਣ ਵਾਲੇ ਦਿਨ ਅਤੇ ਸ਼ੁਰੂਆਤੀ ਵੋਟਿੰਗ, ਦੋਵਾਂ ਦੇ ਦੌਰਾਨ ਵੋਟ ਪਾਉਣਾ ਸ਼ਾਮਲ ਹਨ।

ਹੈਲਪ ਅਮੇਰਿਕਾ ਵੋਟ ਐਕਟ ਵਿੱਚ ਸੰਘੀ ਚੋਣਾਂ ਲਈ ਚੋਣ ਅਸਥਾਨਾਂ ਬਾਰੇ ਨਿਯਮ ਮੌਜੂਦ ਹਨ। ਹਰੇਕ ਚੋਣ ਅਸਥਾਨ ਵਿੱਚ ਘੱਟੋ-ਘੱਟ ਇੱਕ ਵੋਟਿੰਗ ਸਿਸਟਮ ਹੋਣਾ ਚਾਹੀਦਾ ਹੈ ਜਿਸ ਨਾਲ ਅਪੰਗ ਲੋਕ ਸੁਤੰਤਰ ਅਤੇ ਨਿੱਜੀ ਤੌਰ 'ਤੇ ਆਪਣੀ ਵੋਟ ਪਾ ਸਕਣ।

ਵੋਟਿੰਗ ਰਾਈਟਸ ਐਕਟ ਦੀ ਧਾਰਾ 208 ਅਪੰਗਤਾਵਾਂ ਵਾਲੇ ਵੋਟਰਾਂ ਨੂੰ ਉਹਨਾਂ ਦੁਆਰਾ ਚੁਣੇ ਗਏ ਕਿਸੇ ਵਿਅਕਤੀ ਤੋਂ ਵੋਟਿੰਗ ਪ੍ਰਕਿਰਿਆ ਵਿੱਚ

ਸਹਾਇਤਾ ਪ੍ਰਾਪਤ ਕਰਨ ਦੀ ਇਜਾਜ਼ਤ ਦਿੰਦੀ ਹੈ। ਪਰ ਉਹ ਵਿਅਕਤੀ ਵੋਟਰ ਦਾ ਰੁਜ਼ਗਾਰਦਾਤਾ ਜਾਂ ਵੋਟਰ ਦੀ ਯੂਨੀਅਨ ਦਾ ਅਧਿਕਾਰੀ ਨਹੀਂ ਹੋ ਸਕਦਾ।

# ਉਲੰਘਣਾ ਦੀ ਰਿਪੋਰਟ ਕਰਨਾ

## ਮੈਂ ਫੈਡਰਲ ਵੋਟਿੰਗ ਅਧਿਕਾਰ ਕਨੂੰਨਾਂ ਦੀ ਸੰਭਾਵੀ ਉਲੰਘਣਾ ਦੀ ਰਿਪੋਰਟ ਕਿਵੇਂ ਕਰਾਂ?

**ਸਿਵਲ ਰਾਈਟਸ ਡਿਵਿਜ਼ਨ ਨੂੰ ਨਾਗਰਿਕ ਅਧਿਕਾਰਾਂ ਦੀ ਸੰਭਾਵੀ ਉਲੰਘਣਾ ਦੀ ਰਿਪੋਰਟ ਕਰੋ।**

ਤੁਸੀਂ ਅਜਿਹਾ ਕਰ ਸਕਦੇ ਹੋ:

- **civilrights.justice.gov** 'ਤੇ ਆਨਲਾਈਨ ਜਾਂ
- **(800) 253-3931** 'ਤੇ ਟੈਲੀਫ਼ੋਨ ਰਾਹੀਂ

**FBI ਨੂੰ ਸੰਭਾਵੀ ਸੰਘੀ ਅਪਰਾਧਾਂ, ਜਿਵੇਂ ਵੋਟਰਾਂ ਲਈ ਖਤਰੇ, ਚੋਣ ਅਧਿਕਾਰੀਆਂ ਲਈ ਖਤਰੇ, ਜਾਂ ਚੋਣਾਂ ਵਿੱਚ ਧੋਖਾਧੜੀ, ਦੀ ਰਿਪੋਰਟ ਕਰੋ।**

ਤੁਸੀਂ ਅਜਿਹਾ ਕਰ ਸਕਦੇ ਹੋ:

- **tips.fbi.gov** 'ਤੇ ਆਨਲਾਈਨ ਜਾਂ
- **800-CALL-FBI** 'ਤੇ ਟੈਲੀਫ਼ੋਨ ਰਾਹੀਂ

# ਵਾਧੂ ਸਰੋਤ

## ਮੈਨੂੰ ਇਸ ਬਾਰੇ ਵਧੇਰੀ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ ਕਿ ਸੰਘੀ ਕਨੂੰਨ ਮੇਰੇ ਵੋਟ ਪਾਉਣ ਦੇ ਅਧਿਕਾਰ ਦੀ ਕਿਵੇਂ ਰੱਖਿਆ ਕਰਦਾ ਹੈ?

**ਤੁਸੀਂ ਸਿਵਲ ਰਾਈਟਸ ਡਿਵਿਜ਼ਨ ਦੀ ਵੈੱਬਸਾਈਟ 'ਤੇ ਵਧੇਰੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।**

- ਵੋਟਿੰਗ ਸੈਕਸ਼ਨ ਦੀ ਵੈੱਬਸਾਈਟ **justice.gov/crt/voting-section** 'ਤੇ ਉਪਲਬਧ ਹੈ।
- ਅਪੰਗਤਾਵਾਂ ਵਾਲੇ ਅਮਰੀਕੀ ਐਕਟ ਬਾਰੇ ਡਿਸੇਬਿਲਟੀ ਰਾਈਟਸ ਸੈਕਸ਼ਨ ਦੀ ਵੈੱਬਸਾਈਟ **ada.gov** 'ਤੇ ਉਪਲਬਧ ਹੈ।

ਵੋਟਿੰਗ ਸੰਬੰਧੀ ਵਾਧੂ ਜਾਣਕਾਰੀ ਅਤੇ ਵਸੀਲੇ **justice.gov/voting** ਅਤੇ **vote.gov** 'ਤੇ ਵੇਖੇ ਜਾ ਸਕਦੇ ਹਨ।

U.S. Department of Justice
Civil Rights Division

**justice.gov/voting**

Punjabi